ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times | 24 ਨਵੰਬਰ 2026 ਦਿਨ ਮੰਗਲਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਡਾ. ਸੁਸ਼ਮਿੰਦਰ ਜੀਤ ਕੌਰ ਨੂੰ ਸਾਰਕ ਦੇਸ਼ਾਂ ਦੇ 67ਵੇਂ ਸਾਹਿਤਕ ਸਮਾਗਮ ਵਿੱਚ ਵੱਕਾਰੀ ਸਾਰਕ ਸਾਹਿਤ ਪੁਰਸਕਾਰ ਮਿਲਿਆ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾਃ 24 ਨਵੰਬਰ : ਗੁਜਰਾਂਵਾਲਾ ਗੁਰੂ ਨਾਨਕ ਖ਼ਾਲਸਾ ਕਾਲਿਜ ਲੁਧਿਆਣਾ ਦੇ ਅੰਗਰੇਜ਼ੀ ਵਿਭਾਗ ਦੀ ਮੁਖੀ, ਕਵਿੱਤਰੀ, ਸਾਹਿੱਤਕ ਸੰਪਾਦਕ ਤੇ ਸਫ਼ਲ ਅਨੁਵਾਦਕ ਡਾ. ਸੁਸ਼ਮਿੰਦਰ ਜੀਤ ਕੌਰ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਪੰਜਾਬੀ ਸਾਹਿਤ ਦਾ ਅੰਗਰੇਜ਼ੀ ਵਿੱਚ ਅਨੁਵਾਦ ਕਰਨ ਬਦਲੇ 67ਵੇਂ ਸਾਰਕ ਸਾਹਿੱਤ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ ਹੈ। ਇਹ ਅੰਤਰਰਾਸ਼ਟਰੀ ਸਾਹਿਤਕ ਸਨਮਾਨ ਉਨ੍ਹਾਂ ਦੀ ਲੰਮੀ ਸਾਹਿਤਕ ਸਾਧਨਾ, ਸਿਰਜਣਾਤਮਕ ਪ੍ਰਤਿਭਾ ਅਤੇ ਸਾਹਿਤ ਦੇ ਵੱਖ-ਵੱਖ ਖੇਤਰਾਂ ਵਿੱਚ ਨਿਰੰਤਰ ਯੋਗਦਾਨ ਲਈ ਦਿੱਤਾ ਗਿਆ ਹੈ। ਇਸ ਚਾਰ ਰੋਜ਼ਾ ਅੰਤਰਰਾਸ਼ਟਰੀ ਸਾਹਿਤਕ ਸਮਾਗਮ ਵਿੱਚ ਦੱਖਣੀ ਏਸ਼ੀਆ ਦੇ ਵੱਖ ਵੱਖ ਦੇਸ਼ਾਂ ਤੋਂ ਆਏ ਪ੍ਰਸਿੱਧ ਕਵੀਆਂ, ਲੇਖਕਾਂ, ਸਾਹਿਤਕਾਰਾਂ, ਵਿਦਵਾਨਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਨੇ ਸ਼ਮੂਲੀਅਤ ਕੀਤੀ। ਡਾ. ਸੁਸ਼ਮਿੰਦਰ ਜੀਤ ਕੌਰ ਨੇ ਇਸ ਮੰਚ ਉੱਤੇ ਆਪਣੀਆਂ ਕਵਿਤਾਵਾਂ ਪੇਸ਼ ਕਰਨ ਦੇ ਨਾਲ-ਨਾਲ ਦੇ ਸਾਹਿਤਕ ਸੈਸ਼ਨਾਂ ਦੀ ਪ੍ਰਧਾਨਗੀ ਵੀ ਕੀਤੀ। ਉਨ੍ਹਾਂ ਨੇ ਪ੍ਰਸਿੱਧ ਲੇਖਿਕਾ ਪਦਮ ਸ਼੍ਰੀ ਅਜੀਤ ਕੌਰ ਦੀ ਪੰਜਾਬੀ ਪੁਸਤਕ 'ਓਸ ਪਾਰ' ਦੇ ਅੰਗਰੇਜ਼ੀ ਅਨੁਵਾਦ ਦੇ ਕੁਝ ਅੰਸ਼ ਵੀ ਪੇਸ਼ ਕੀਤੇ।

ਡਾ. ਸੁਸ਼ਮਿੰਤਰਜੀਤ ਨੇ ਤਿੰਨ ਦਹਾਕਿਆਂ ਤੋਂ ਵੱਧ ਸਮੇਂ ਦੀ ਇਸ ਅਕਾਦਮਿਕ ਅਤੇ ਸਾਹਿਤਕ ਯਾਤਰਾ ਦੌਰਾਨ ਅਧਿਆਪਨ, ਖੋਜ, ਕਵਿਤਾ, ਅਨੁਵਾਦ ਅਤੇ ਸੰਪਾਦਨ ਦੇ ਖੇਤਰ ਵਿੱਚ ਆਪਣੀ ਵਿਲੱਖਣ ਪਛਾਣ ਸਥਾਪਿਤ ਕੀਤੀ ਹੈ। ਉਨ੍ਹਾਂ ਦੀਆਂ ਹੁਣ ਤੱਕ 25 ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ ਕਾਵਿ ਸੰਗ੍ਰਹਿ, ਅਨੁਵਾਦਿਤ ਰਚਨਾਵਾਂ ਅਤੇ ਸੰਪਾਦਿਤ ਪੁਸਤਕਾਂ ਸ਼ਾਮਲ ਹਨ। ਉਨ੍ਹਾਂ ਦੀਆਂ ਕਵਿਤਾਵਾਂ ਸੌ ਤੋਂ ਵੱਧ ਸਾਹਿਤਕ ਸੰਗ੍ਰਹਿਆਂ ਵਿੱਚ ਪ੍ਰਕਾਸ਼ਿਤ ਹੋ ਚੁੱਕੀਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਮਨੁੱਖੀ ਸੰਵੇਦਨਾਵਾਂ, ਔਰਤ ਦੇ ਅਨੁਭਵਾਂ, ਸਮਾਜਿਕ ਸਰੋਕਾਰਾਂ, ਯਾਦਾਂ, ਵਿਸਥਾਪਨ, ਰਿਸ਼ਤਿਆਂ ਅਤੇ ਜੀਵਨ ਦੇ ਅਣਕਹੇ ਪੱਖਾਂ ਨੂੰ ਬੜੀ ਗਹਿਰਾਈ ਨਾਲ ਅਭਿਵਿਅਕਤ ਕਰਦੀਆਂ ਹਨ।

ਅਨੁਵਾਦ ਦੇ ਖੇਤਰ ਵਿੱਚ ਉਹ ਪੰਜਾਬੀ ਅਤੇ ਅੰਗਰੇਜ਼ੀ ਸਾਹਿਤ ਦਰਮਿਆਨ ਰਚਨਾਤਮਕ ਸੰਵਾਦ ਸਥਾਪਿਤ ਕਰਨ ਦੇ ਨਾਲ ਨਾਲ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਦੀਆਂ ਸੰਵੇਦਨਾਵਾਂ ਨੂੰ ਵਿਸ਼ਾਲ ਪਾਠਕ ਵਰਗ ਤੱਕ ਪਹੁੰਚਾਉਣ ਲਈ ਯਤਨਸ਼ੀਲ ਹਨ ਉਨ੍ਹਾਂ ਦੀਆਂ ਮਹੱਤਵਪੂਰਨ ਪੁਸਤਕਾਂ ਵਿੱਚ **A Journey Towards Light, The Blue Potter** ਅਤੇ **Contemporary Indian stories in Translation** ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹਨ।

ਸੰਪਾਦਕੀ ਖੇਤਰ ਵਿੱਚ ਵੀ ਡਾ. ਕੌਰ ਦੀ ਸਰਗਰਮ ਭੂਮਿਕਾ ਰਹੀ ਹੈ। ਉਹ ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸਾਹਿਤਕ ਜਰਨਲਾਂ ਨਾਲ ਸੰਪਾਦਕੀ ਅਤੇ ਸਹਿ-ਸੰਪਾਦਕੀ ਜ਼ਿੰਮੇਵਾਰੀਆਂ ਨਿਭਾ ਰਹੇ ਹਨ। ਉਹ **Literary Voice** ਦੇ ਐਸੋਸੀਏਟ ਐਡੀਟਰ, **Matru Akshar** ਦੇ ਪੰਜਾਬੀ ਭਾਗ ਦੇ ਸੰਪਾਦਕ, **Literary Journal of Aesthetics** ਦੇ ਡਿਪਟੀ ਚੀਫ਼ ਐਡੀਟਰ ਅਤੇ **INNSAEI** ਵਿੱਚ ਕਵਿਤਾ ਭਾਗ ਦੇ ਸੰਪਾਦਕ ਵਜੋਂ ਕਾਰਜਸ਼ੀਲ ਹਨ। ਉਨ੍ਹਾਂ ਦਾ ਇਹ ਯੋਗਦਾਨ ਨਵੀਆਂ ਸਾਹਿਤਕ ਪ੍ਰਤਿਭਾਵਾਂ ਨੂੰ ਮੰਚ ਪ੍ਰਦਾਨ ਕਰਨ ਅਤੇ ਸਾਹਿਤਕ ਸੰਵਾਦ ਨੂੰ ਅੱਗੇ ਵਧਾਉਣ ਵਿੱਚ ਮਹੱਤਵਪੂਰਨ ਹੈ।

ਉਨ੍ਹਾਂ ਨੂੰ ਇਸ ਤੋਂ ਪਹਿਲਾਂ ਵੀ ਅੰਤਰਰਾਸ਼ਟਰੀ ਪੱਧਰ ਦੀਆਂ ਸਾਹਿਤਕ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇੰਟਰਨੈਸ਼ਨਲ ਅਕੈਡਮੀ ਆਫ਼ ਐਥਿਕਸ ਅਤੇ ਵਰਲਡ ਪੋਇਟਰੀ ਕਾਨਫਰੰਸ ਨਾਲ ਸਬੰਧਤ ਸਨਮਾਨਾਂ ਰਾਹੀਂ ਉਨ੍ਹਾਂ ਨੂੰ ਤਿੰਨ ਵਾਰ ਸਨਮਾਨਿਤ ਕੀਤਾ ਗਿਆ ਹੈ। ਦੇਸ਼-ਵਿਦੇਸ਼ ਦੇ ਵੱਖ-ਵੱਖ ਸਾਹਿਤਕ ਉਤਸਵਾਂ ਅਤੇ ਕਵੀ ਦਰਬਾਰਾਂ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਉਨ੍ਹਾਂ ਦੀ ਅੰਤਰਰਾਸ਼ਟਰੀ ਸਾਹਿਤਕ ਪਛਾਣ ਦਾ ਪ੍ਰਮਾਣ ਹੈ।

ਬੀ.ਐਸ.ਪੀ. ਸਰਕਾਰ ਬਣਾ ਕੇ ਬਾਬਾ ਸਾਹਿਬ ਦੇ ਸੰਕਲਪਾਂ ਦੀ ਪੂਰਤੀ ਕਰੇਗੀ:—— ਪ੍ਰੀਤਮ ਸਿੰਘ ਜੌਹਲ

ਵਰਲਡ ਪੰਜਾਬੀ ਟਾਈਮਜ਼



ਸੰਗਰੂਰ 24 ਨਵੰਬਰ : ਪੰਜਾਬ ਸੰਭਾਲੋ ਸਾਇਕਿਲ ਰੈਲੀ ਦੌਰਾਨ ਬਹੁਜਨ ਸਮਾਜ ਪਾਰਟੀ ਵੱਲੋਂ ਪੰਜਾਬ ਵਿਧਾਨ ਸਭਾ ਚੋਣਾਂ *ਚ ਵੱਡੀ ਤਬਦੀਲੀ ਦੇ ਸੰਕੇਤ ਮਿਲ ਰਹੇ ਹਨ। ਬਹੁਜਨ ਸਮਾਜ ਦੀ ਸਰਕਾਰ ਅਜੇਕੇ ਸਮੇਂ ਦੀ ਮੁੱਖ ਲੋੜ ਹੈ, ਇਹ ਭਾਵ ਹਲਕਾ ਸੰਗਰੂਰ ਦੇ ਬਸਪਾ ਦੇ ਕਿਸਾਨ ਵਿੰਗ ਦੇ ਆਗੂ ਸ. ਪ੍ਰੀਤਮ ਸਿੰਘ ਜੌਹਲ ਸਾਬਕਾ ਐਡੀਸ਼ਨਲ ਡਿਪਟੀ ਕਮਿਸ਼ਨਰ ਨੇ ਪਾਰਟੀ ਵੱਲੋਂ ਪਹਿਲੀ ਪਹਿਲੇ ਕਲਸਟਰ ਵਿੱਚ ਸਾਇਕਿਲ ਰੈਲੀ ਦੀ ਸ਼ੁਰੂਆਤ ਕਰਦੇ ਹੋਏ ਵਿਅਕਤ ਕੀਤੇ ਹਨ। ਇਸ ਰੈਲੀ ਨੂੰ ਮੰਗਵਾਲ ਕਲੱਸਟਰ ਸਾਇਕਲ ਰੈਲੀ ਦਾ ਨਾਮ ਦਿੱਤਾ ਗਿਆ। ਇਸ ਕਲੱਸਟਰ ਵਿੱਚ ਪਿੰਡ ਅੰਧੇੜੀ, ਬੰਗਾਵਾਲੀ, ਚੰਗਾਲ, ਖਿੱਲਰੀਆਂ, ਥਲੇਸ, ਅਕੋਈ ਸਾਹਿਬ, ਦੇਹਕਲਾਂ, ਫਤਹਿਗੜ੍ਹ ਛੰਨਾ, ਸਾਰੋਂ, ਰੁਪਾਹੇੜੀ, ਬਾਲੀਆਂ ਦਾ ਕਲੱਸਟਰ ਬਣਾਇਆ ਗਿਆ ਹੈ। ਇਸ ਸਾਇਕਲ ਰੈਲੀ ਦਾ ਹਰ ਪਿੰਡ ਵਿੱਚ ਹਰ ਸਮਾਜ ਵੱਲੋਂ ਵੱਡੇ ਪੱਧਰ ਤੇ ਸਵਾਗਤ ਹੋਇਆ ਹੈ। ਲੋਕ ਅਮੀਰ ਪਾਰਟੀਆਂ ਤੋਂ ਨਿਰਾਸ਼ ਹੋ ਚੁੱਕੇ ਹਨ। ਪੰਜਾਬ ਵਿਧਾਨ ਸਭਾ ਚੋਣਾ 2027 ਵਿੱਚ ਵੱਡੀ ਤਬਦੀਲੀ ਦੇ ਸੰਕੇਤ ਮਿਲ ਰਹੇ ਹਨ। ਬਸਪਾ ਪੰਜਾਬ ਸੰਭਾਲਣ ਦੇ ਯੋਗ ਹੈ।

ਅੱਜ ਸਾਇਕਲ ਰੈਲੀ ਨੂੰ ਪੰਜਾਬ ਪੱਧਰ ਦੇ ਬਸਪਾ ਆਗੂਆਂ ਸਰਵ ਸ਼੍ਰੀ ਡਾ. ਮੱਖਣ ਸਿੰਘ ਸਾਬਕਾ ਮੈਡੀਕਲ ਡਾਇਰੈਕਟਰ, ਡਾ. ਸਰੂਪ ਸਿੰਘ, ਅਤੇ ਜ਼ਿਲਾ ਆਗੂ ਪਵਿੱਤਰ ਸਿੰਘ, ਕਿਸ਼ਨ ਸਿੰਘ ਨੇ ਝੰਡੀ ਦਿਖਾ ਕੇ ਸਾਇਕਲ ਰੈਲੀ ਦੀ ਸ਼ੁਰੂਆਤ ਪਿੰਡ ਹਰੇੜੀ ਤੋਂ ਕੀਤੀ ਹੈ।

ਇਸ ਸਮੇਂ ਬਸਪਾ ਆਗੂਆਂ ਸਰਵ ਸ਼੍ਰੀ ਗੁਰਮੇਲ ਰੰਗੀਲਾ, ਗੁਰਦੇਵ ਸਿੰਘ, ਨਿਰਮਲ ਮੱਟੂ, ਮਿੱਠੂ ਸਿੰਘ, ਨਛੱਤਰ ਸਿੰਘ, ਬਲਵੀਰ ਸਿੰਘ, ਪ੍ਰੀਤਮ, ਰਣਜੀਤ ਸਿੰਘ, ਹਰਜਿੰਦਰ ਸਿੰਘ, ਲਾਭਾ ਸਿੰਘ, ਸੁਰਜੀਤ ਸਿੰਘ, ਸੇਵਾ ਸਿੰਘ, ਸੁਰਤਾ ਸਿੰਘ, ਅਮਰ ਸਿੰਘ, ਹਰਮੇਸ਼ ਸਿੰਘ, ਪ੍ਰਭ ਖਾਂ, ਗੱਡੀ, ਜੱਸੀ ਆਦਿਕ ਨੇ ਵੀ ਅਹਿਮ ਭੂਮਿਕਾ ਨਿਭਾਈ ਤੇ ਰੈਲੀ ਨੂੰ ਕਾਮਯਾਬ ਕਰਵਾਇਆ ਹੈ।

ਬਸਪਾ ਆਗੂਆਂ ਨੇ ਆਖਰ ਰੈਲੀ ਦੌਰਾਨ 26 ਨਵੰਬਰ 2026 ਨੂੰ ਫਿਲੌਰ ਵਿਖੇ ਵੱਡੇ ਪੱਧਰ ਤੇ ਪਹੁੰਚਣ ਦਾ ਸੰਦੇਸ਼ ਦੇ ਕਰ ਪਿੰਡ ਬਾਲੀਆਂ ਵਿਖੇ ਰੈਲੀ ਨੂੰ ਸਮਾਪਤ ਕੀਤਾ ਹੈ।

ਬਾਬਾ ਫਰੀਦ ਲਾਅ ਕਾਲਜ ਵਿੱਚ ਕਰਵਾਇਆ ਗਿਆ ਇੰਟਰਾ ਕਲਾਸ ਕੁਇਜ਼ ਮਕਾਬਲਾ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 24 ਨਵੰਬਰ : ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਵੱਲੋਂ ਮਾਨਯੋਗ ਚੇਅਰਮੈਨ ਸਵ. ਸ. ਇੰਦਰਜੀਤ ਸਿੰਘ ਖਾਲਸਾ ਜੀ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸਿਮਰਜੀਤ ਸਿੰਘ ਸੇਖੋਂ (ਚੇਅਰਮੈਨ) ਅਤੇ ਮੈਨੇਜਿੰਗ ਕਮੇਟੀ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਕਾਲਜ ਵਿੱਚ ਇੰਟਰਾ ਕਲਾਸ ਕੁਇਜ਼ ਮੁਕਾਬਲਾ ਕਰਵਾਇਆ ਗਿਆ। ਇਸ ਮੁਕਾਬਲੇ ਵਿੱਚ ਬੀ.ਏ.ਐਲ.ਐਲ.ਬੀ. ਭਾਗ-ਤੀਜਾ ਦੇ ਵਿਦਿਆਰਥੀਆਂ ਦੇ ਨੇ ਭਾਗ ਲਿਆ ਜਿਸ ਵਿੱਚੋਂ ਪ੍ਰਿਯੰਕਾ, ਰੀਆ, ਆਫੀਆ ਅਤੇ ਤਰਨਪ੍ਰੀਤ ਕੌਰ ਦੀ ਟੀਮ ਜੇਤੂ ਰਹੀ। ਇਸੇ ਤਰਾਂ ਗੁਰਲੀਨ ਕੌਰ, ਰੁਪਨੀਤ ਕੌਰ, ਕਾਜਲ ਅਤੇ ਅਸ਼ਮਨੀਤ ਕੌਰ ਦੀ ਟੀਮ ਰਨਰ ਅੱਪ ਰਹੀ। ਪ੍ਰੋਗਰਾਮ ਦੇ ਅੰਤ ਵਿੱਚ ਪ੍ਰਿੰਸੀਪਲ ਪੰਕਜ ਕੁਮਾਰ ਗਰਗ ਨੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ। ਉਹਨਾਂ ਇਸ ਮੁਕਾਬਲੇ ਦੀ ਤਿਆਰੀ ਕਰਵਾਉਣ ਵਾਲੇ ਟੀਚਰ ਸਾਹਿਬਾਨ ਸ਼੍ਰੀਮਤੀ ਰਜਨੀ ਬਾਲਾ, ਮਿਸ ਮਨਪ੍ਰੀਤ ਕੌਰ ਅਤੇ ਸ਼੍ਰੀਮਤੀ ਸੁਪ੍ਰੀਤ ਕੌਰ ਨੂੰ ਵਧਾਈਆਂ ਦਿੱਤੀਆਂ, ਜਿਨਾਂ ਦੀ ਮਿਹਨਤ ਸਦਕਾ ਇਹ ਮੁਕਾਬਲਾ ਸਫਲਤਾਪੂਰਵਕ ਨੇਪਰੇ ਚੜ ਸਕਿਆ। ਇਸ ਮੌਕੇ ਡਾ. ਨਵਜੋਤ ਕੌਰ (ਇੰਚਾਰਜ ਅਕੈਡਮਿਕ) ਵੀ ਮੌਜੂਦ ਰਹੇ।

ਪਦਮ ਭੂਸ਼ਨ ਡਾ. ਸਰਦਾਰਾ ਸਿੰਘ ਜੌਹਲ ਪਦਮਸ਼੍ਰੀ ਡਾ. ਰਤਨ ਸਿੰਘ ਜੱਗੀ ਯਾਦਗਾਰੀ ਪੰਜਾਬ ਰਤਨ ਸਨਮਾਨ ਨਾਲ ਪੰਜਾਬੀ ਸਾਹਿੱਤ ਅਕਾਡਮੀ ਲੁਧਿਆਣਾ ਵੱਲੋਂ ਸਨਮਾਨਤ

ਵਰਲਡ ਪੰਜਾਬੀ ਟਾਈਮਜ਼

ਲੁਧਿਆਣਾ : 25 ਨਵੰਬਰ : ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਵੱਲੋਂ ਪੰਜਾਬੀ ਭਵਨ, ਲੁਧਿਆਣਾ ਵਿਖੇ 21 ਤੋਂ 24 ਨਵੰਬਰ ਤੱਕ ਕਰਵਾਏ ਜਾ ਰਹੇ ਪੁਸਤਕ ਮੇਲਾ ਅਤੇ ਸਾਹਿਤ ਉਤਸਵ ਦੇ ਅਖ਼ੀਰਲੇ ਦਿਨ ਸਮਾਗਮ ਦਾ ਆਰੰਭ ਕਰਦਿਆਂ ਜਨਰਲ ਸਕੱਤਰ ਡਾ. ਗੁਲਜ਼ਾਰ ਪੰਧੇਰ ਨੇ ਸਭ ਹਾਜ਼ਰ ਲੇਖਕਾਂ ਤੇ ਪਾਠਕਾਂ ਨੂੰ ਜੀ ਆਇਆਂ ਨੂੰ ਕਹਿੰਦਿਆਂ ਆਗ਼ਾਜ਼ ਕੀਤਾ। ਸਮਾਗਮ ਦੀ ਪ੍ਰਧਾਨਗੀ ਡਾ. ਸ. ਸ. ਜੌਹਲ, ਪ੍ਰੋ. ਗੁਰਭਜਨ ਸਿੰਘ ਗਿੱਲ, ਡਾ. ਸੁਖਦੇਵ ਸਿੰਘ ਸਿਰਸਾ, ਡਾ. ਸਰਬਜੀਤ ਸਿੰਘ, ਡਾ. ਗੁਲਜ਼ਾਰ ਸਿੰਘ ਪੰਧੇਰ, ਮਲਵਿੰਦਰ ਸਿੰਘ ਜੱਗੀ, ਸ. ਮਨਵਿੰਦਰ ਸਿੰਘ ਗਿਆਸਪੁਰਾ ਐਮ.ਐਲ.ਏ., ਸ. ਅਮਰਜੀਤ ਸਿੰਘ ਟਿੱਕਾ, ਡਾ. ਗੁਰਮੇਲ ਸਿੰਘ ਸ਼ਾਮਲ ਸਨ। ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ ਨੇ ਚਾਰ ਰੋਜ਼ਾ ਪੁਸਤਕ ਮੇਲੇ ਅਤੇ ਸਾਹਿਤ ਉਤਸਵ ਮੌਕੇ ਪਹੁੰਚੇ ਪਬਲਿਸ਼ਰਾਂ ਅਤੇ ਲੇਖਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਲਗਾਤਾਰ ਤੀਸਰੇ ਮੇਲੇ ਮੌਕੇ ਅਕਾਡਮੀ ਨੂੰ ਭਰਪੂਰ ਸਹਿਯੋਗ ਦਿੱਤਾ ਹੈ।

ਉਨ੍ਹਾਂ ਕਿਹਾ ਮੌਜੂਦਾ ਪ੍ਰਬੰਧਕੀ ਬੋਰਡ ਨੇ ਇਸ ਸਾਹਿਤ ਉਤਸਵ ਨੂੰ ਮਨਾਉਣਾ ਸ਼ੁਰੂ ਕੀਤਾ ਹੈ। ਚੌਥਾ ਦਿਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 557 ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਕਰਦਿਆਂ ਡਾ. ਰਤਨ ਸਿੰਘ ਜੱਗੀ ਯਾਦਗਾਰੀ ਸਨਮਾਨ ਸਮਾਗਮ ਆਯੋਜਿਤ ਕੀਤਾ ਗਿਆ। ਅੱਜ ਪਲੇਠਾ ਡਾ. ਰਤਨ ਸਿੰਘ ਜੱਗੀ ਯਾਦਗਾਰੀ ਪੰਜਾਬ ਰਤਨ ਸਨਮਾਨ ਪਦਮ ਭੂਸ਼ਨ ਡਾ. ਸਰਦਾਰਾ ਸਿੰਘ ਜੌਹਲ ਜੀ ਨੂੰ ਭੇਟਾ ਕਰਕੇ ਅਸੀਂ ਮਾਣ ਮਹਿਸੂਸ ਕਰਦੇ ਹਾਂ। ਉਨ੍ਹਾਂ ਡਾ. ਗੁਰਸ਼ਰਨ ਕੌਰ ਜੱਗੀ ਅਤੇ ਸ. ਮਾਲਵਿੰਦਰ ਸਿੰਘ ਜੱਗੀ ਪਰਿਵਾਰ ਦਾ ਵੀ ਧੰਨਵਾਦ ਕੀਤਾ।



ਮੁੱਖ ਮਹਿਮਾਨ ਵਜੋਂ ਪਹੁੰਚੇ ਐਮ.ਐਲ.ਏ. ਸ. ਮਨਵਿੰਦਰ ਸਿੰਘ ਗਿਆਸਪੁਰਾ ਨੇ ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ ਅਤੇ ਡਾ. ਰਤਨ ਸਿੰਘ ਜੱਗੀ ਫਾਊਂਡੇਸ਼ਨ ਨੂੰ ਇਸ ਸ਼ੁਭ ਕਾਰਜ ਲਈ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪੁਸਤਕ ਮੇਲੇ ਅਤੇ ਸਾਹਿਤ ਉਤਸਵ ਲਗਾ ਕੇ ਅਕਾਡਮੀ ਲੋਕਾਂ ਦੀ ਚੇਤਨਾ ਦਾ ਪੱਧਰ ਉੱਚਾ ਚੁੱਕਣ ਲਈ ਬੜਾ ਪਵਿੱਤਰ ਕਾਰਜ ਕਰ ਰਹੀ ਹੈ। ਉਨ੍ਹਾਂ ਡਾ. ਜੱਗੀ ਅਤੇ ਡਾ. ਜੌਹਲ ਦੇ ਜੀਵਨ ਨੂੰ ਪ੍ਰੇਰਨਾ ਸਰੋਤ ਦੱਸਿਆ। ਅਕਾਡਮੀ ਦੇ ਸਾਬਕਾ ਪ੍ਰਧਾਨ ਪ੍ਰੋ. ਗੁਰਭਜਨ ਸਿੰਘ ਗਿੱਲ ਜੀ ਨੇ ਡਾ. ਰਤਨ ਸਿੰਘ ਜੱਗੀ ਨਾਲ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਸ. ਮਾਲਵਿੰਦਰ ਸਿੰਘ ਜੱਗੀ ਨੇ ਸਪੁੱਤਰ ਹੋਣ ਦਾ ਬਾਖੂਬੀ ਫ਼ਰਜ਼ ਨਿਭਾਇਆ ਹੈ। ਉਨ੍ਹਾਂ ਨੇ ਅਕਾਡਮੀ ਬਾਰੇ ਡਾ. ਰਤਨ ਸਿੰਘ ਜੱਗੀ ਬਾਰੇ ਅਤੇ ਡਾ. ਸ. ਸ. ਜੌਹਲ ਬਾਰੇ ਬੜੀਆਂ ਦਿਲਚਸਪ ਅਤੇ ਇਤਿਹਾਸਕ ਝਰੋਖੇ ਤੋਂ ਮੁੱਲਵਾਨ ਯਾਦਾਂ ਸੁਣਾਈਆਂ ਅਤੇ ਇੱਕ ਸਦੀ ਜਿੱਡੇ ਬਾਬਲ ਦੀਆਂ ਮੁੱਲਵਾਨ ਗੱਲਾਂ ਸੁਣਾਈਆਂ।

ਅਕਾਡਮੀ ਦੇ ਸਾਬਕਾ ਪ੍ਰਧਾਨ ਡਾ. ਸੁਖਦੇਵ ਸਿੰਘ ਸਿਰਸਾ ਨੇ ਕਿਹਾ ਡਾ.ਰਤਨ ਸਿੰਘ ਜੱਗੀ ਵਲੋਂ ਕੀਤਾ ਗਿਆ ਸਾਹਿਤਕ ਕਾਰਜ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਦਸੇਰਾ ਬਣੇਗਾ। ਡਾ. ਰਤਨ ਸਿੰਘ ਜੱਗੀ ਮੱਧ ਕਾਲੀਨ ਪੰਜਾਬੀ ਸਾਹਿਤ ਵਿਸ਼ੇਸ਼ੱਗ , ਭਾਰਤੀ ਦਰਸ਼ਨ ਪਰੰਪਰਾਵਾਂ ਅਤੇ ਧਰਮ ਸ਼ਾਸ਼ਤਰੀ ਚਿੰਤਨ ਪ੍ਰਣਾਲੀਆਂ ਦੇ ਵਿਆਖਿਆਕਾਰ ਤੇ ਖੋਜੀ ਤੁਲਨਾਤਮਿਕ ਧਰਮ ਚਿੰਤਨ ਤੇ ਸਾਹਿਤ ਦੇ ਉੱਘੇ ਵਿਦਵਾਨ, ਟੀਕਾਕਰ, ਵਿਆਖਿਆਕਾਰ ਅਤੇ ਮਵਰ ਸੰਪਾਦਕ ਸਨ।

ਉਪਰੰਤ ਅਕਾਡਮੀ ਦੇ ਸਾਬਕਾ ਪ੍ਰਧਾਨ ਪਦਮ ਭੂਸ਼ਣ ਡਾ. ਸਹਦਾਰਾ ਸਿੰਘ ਜੌਹਲ ਜੀ ਨੂੰ ਪਦਮਸ਼੍ਰੀ ਡਾ. ਰਤਨ ਸਿੰਘ ਜੱਗੀ ਯਾਦਗਾਰੀ ਪੰਜਾਬ ਰਤਨ ਸਨਮਾਨ ਨਾਲ ਸਨਮਾਨਿਤ ਕੀਤਾ ਗਿਆ। ਸਨਮਾਨ ਵਿਚ ਇਕ ਲੱਖ ਰੁਪਏ, ਸ਼ੋਭਾ ਪੱਤਰ, ਸਨਮਾਨ ਚਿੰਨ, ਪੁਸਤਕਾਂ ਅਤੇ ਦੋਸ਼ਾਲਾ ਦੇ ਕੇ ਸਨਮਾਨਤ ਕੀਤਾ ਗਿਆ। ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਧਰਮ ਅਧਿਐਨ ਵਿਭਾਗ ਦੇ ਪ੍ਰੋਫੈਸਰ ਡਾ. ਗੁਰਮੇਲ ਸਿੰਘ ਨੇ ਪਦਮਸ਼੍ਰੀ ਡਾ. ਰਤਨ ਸਿੰਘ ਜੱਗੀ ਯਾਦਗਾਰੀ ਭਾਸ਼ਣ ਦਿੱਤਾ ਗਿਆ। ਉਨ੍ਹਾਂ ਡਾ. ਰਤਨ ਸਿੰਘ ਜੱਗੀ ਦੇ ਜੀਵਨ ਅਤੇ ਸਾਹਿਤਕ ਘਾਲਣਾ ਬਾਰੇ ਵਿਸਥਾ

ਵਰਲਡ ਪੰਜਾਬੀ ਟਾਈਮਜ਼ 24 ਨਵੰਬਰ 2026 ਦਿਨ ਮੰਗਲਵਾਰ

ਮੈਥੋਂ ਦੂਰ ਨਹੀਂ ਨਨਕਾਣਾ



ਹਰ ਦਮ ਦੇ ਗੇੜੇ ਦਰਸ ਕਰਾਂ, ਸਾਹਾਂ ਵਿੱਚ ਆਉਣਾ ਜਾਣਾ ।
ਮੇਰੇ ਮਨ ਮਸਤਕ ਵਿੱਚ ਵੱਸਦਾ ਏ, ਮੈਥੋਂ ਦੂਰ ਨਹੀਂ ਨਨਕਾਣਾ ।

ਵਰਲਡ ਪੰਜਾਬੀ ਟਾਈਮਜ਼
ਗੁਰਤੇਜ ਗਿੱਲ

ਮੱਝੀਆਂ ਦਾ ਛੇੜੂ ਵੇਖ ਰਿਹਾਂ, ਨਾਨਕ ਨੂੰ ਮੱਝੀਆਂ ਚਾਰਦਿਆਂ ।
ਦੂਜੇ ਦੇ ਮਨ ਨੂੰ ਜਿੱਤਣ ਲਈ, ਖ਼ੁਦ ਆਪਣੇ ਹੱਥੋਂ ਹਾਰਦਿਆਂ ।
ਮੈਂ ਵੇਖ ਰਿਹਾਂ ਹਾਂ ਰਾਏ ਬੁਲਾਰ, ਵਕਤੋਂ ਵੀ ਵੱਧ ਸਿਆਣਾ ।
ਮੇਰੇ ਮਨ ਮਸਤਕ ਵਿੱਚ ਵੱਸਦਾ ਏ, ਮੈਥੋਂ ਦੂਰ ਨਹੀਂ ਨਨਕਾਣਾ ।

ਮਰਦਾਨਾ ਛੇੜੇ ਤਾਨ ਜਦੋਂ, ਜੰਗਲ ਤੇ ਬੇਲੇ ਸੁਣਦੇ ਨੇ ।
ਤੇ ਸ਼ਬਦ ਇਲਾਹੀ ਨਾਨਕ ਦੇ, ਪੌਣਾਂ 'ਚੋਂ ਜ਼ਹਿਰਾਂ ਪੁਣਦੇ ਨੇ ।
ਹਿੰਦੂ ਦੀ ਪੱਤਰੀ ਕੂੜ ਕਹੇ, ਤੁਰਕ ਕੂੰ ਆਖੇ ਕਾਣਾ ।
ਮੇਰੇ ਮਨ ਮਸਤਕ ਵਿੱਚ ਵੱਸਦਾ ਏ, ਮੈਥੋਂ ਦੂਰ ਨਹੀਂ ਨਨਕਾਣਾ ।

ਉਸ ਮਿੱਟੀ ਤੋਂ ਬਲਿਹਾਰੀ ਹਾਂ, ਜਿੱਥੇ ਵੀ ਸੂਰਜ ਉੱਗਦਾ ਹੈ ।
ਹੱਕ ਸੱਚ ਅਤੇ ਇਨਸਾਫ਼ ਜਿਹਾ, ਜਿਸ ਪਿੰਡ ਨੂੰ ਸੋਂਹਦਾ ਪੁੱਗਦਾ ਹੈ ।
ਨਜ਼ਰਾਂ ਵਿੱਚ ਜਿਥੇ ਫ਼ਰਕ ਨਹੀਂ, ਇੱਕੋ ਜਹੇ ਰੰਕ ਤੇ ਰਾਣਾ ।
ਮੇਰੇ ਮਨ ਮਸਤਕ ਵਿੱਚ ਵੱਸਦਾ ਏ, ਮੈਥੋਂ ਦੂਰ ਨਹੀ ਨਨਕਾਣਾ ।

ਉਸ ਜੰਡ ਨੂੰ ਮੇਰਾ ਸੀਸ ਝੁਕੇ, ਜਿਸ ਨਾਲ ਸੀ ਲਛਮਣ ਸਿੰਘ ਸੜਿਆ ।
ਕੁਰਬਾਨੀ ਖਿਨ ਕੁਝ ਲੱਭੇ ਨਾ, ਜਿਸ ਪਾਠ ਪੜ੍ਹਾਇਆ, ਖ਼ੁਦ ਪੜ੍ਹਿਆ ।
ਹਰ ਯੁਗ ਵਿੱਚ ਮਹੰਤ ਨਰੈਣੂ ਨੇ, ਏਦਾਂ ਹੀ ਕਹਿਰ ਕਮਾਣਾ ।
ਕਣ ਕਣ 'ਚੋਂ ਬੋਲੇ ਸਬਕ ਸਦਾ, ਮੇਰੇ ਮਨ ਵਿਚਲਾ ਨਨਕਾਣਾ ।

ਹੱਦਾਂ ਸਰਹੱਦਾਂ ਸਾਂਭ ਲਵੋ, ਮੈਂ ਵੀਜ਼ੇ ਪਰਮਿਟ ਕੀ ਕਰਨੇ ।
ਦਿਲ ਅੰਦਰ ਝਾਤੀ ਮਾਰ ਲਵਾਂ, ਜਦ ਚਾਹਾਂ ਦਰਸ਼ਨ ਖ਼ੁਦ ਕਰਨੇ ।
ਮੈਂ ਆਪਣੇ ਮਨ ਦਾ ਹਾਕਮ ਹਾਂ, ਜਿੱਥੇ ਕੋਈ ਨਾ ਚੌਕੀ, ਠਾਣਾ ।
ਮੇਰੇ ਮਨ ਮਸਤਕ ਵਿੱਚ ਵੱਸਦਾ ਏ, ਮੈਥੋਂ ਦੂਰ ਨਹੀਂ ਨਨਕਾਣਾ ।

ਗੁਰੂ ਨਾਨਕ ਜਗ ਵਿਚ ਆਏ

ਗੁਰੂ ਨਾਨਕ ਜਗ ਵਿਚ ਆਏ ਸਨ,
ਘਨਘੋਰ ਘਟਾ ਛਾਈ ਕਹਿਰਾਂ ਦੀ।

ਜੁਲਮਾਂ ਦਾ ਭੱਖੜ ਆਇਆ ਸੀ,

ਨਿਰਦੋਸ਼ ਮਾਸੂਮਾਂ ਦੀਆਂ ਆਹਾਂ ਨੇ,
ਸੁਣੇ ਨਾਂ ਕੋਈ ਚੀਕ ਗਰੀਬਾਂ ਦੀ।

ਛੁਰਿਆਂ ਨਾਲ ਘੇਰਾ ਪਾਇਆ ਸੀ,
ਹਰ ਦਿਲ ਵਿਚੋਂ ਖੂਨ ਕਢਾਇਆ ਸੀ।

ਇਸ ਪ੍ਰਿਥਵੀ ਤੇ ਹਥਿਆਰਾਂ ਨੇ,
ਅੰਬਰਾਂ ਤਾਂਈ ਕੰਬਾਇਆ ਸੀ।

ਕੜਕ ਪਈਆਂ ਬਿਜਲੀ ਅਕਾਸ਼ ਵਿਚੋਂ,
ਭਖਦੇ ਹੋਏ ਦਿਲ ਸ਼ਾਂਤ ਕਰਾਏ ਸਨ।

ਅੰਨਘੋਰ ਦੀ ਅੱਗ ਬੁਝਾਵਣ ਲਈ,
ਗੁਰੂ ਨਾਨਕ ਜੱਗ ਵਿੱਚ ਆਏ ਸਨ।

ਲਹਿਰ ਛਿੜੀ ਇਕ ਸ਼ਾਂਤ ਮੰਡਲ ਦੀ,
ਅੰਬਰਾਂ ਨੇ ਠੰਡ ਬਰਸਾਈ ਸੀ।

ਖੁਸ਼ੀ ਹੋਈ ਸਾਰੇ ਵਤਨ ਤਾਂਈ,
ਵੱਜੀ ਘਰ ਘਰ ਖੁਸ਼ੀ ਸ਼ਹਿਨਾਈ ਸੀ।

ਧੁੰਦ ਮਿਟ ਗਈ ਕਹਿਰ ਵਾਲੀ,
ਹਰ ਦਿਲ ਵਿੱਚ ਖੁਸ਼ੀ ਸਮਾਈ ਸੀ।

ਦੀਨ ਦਿਆਲ ਰਖਵਾਲਾ ਹਿੰਦ ਦਾ,
ਆ ਪਹੁੰਚ ਕੇ ਹੋਇਆ ਸਹਾਈ ਸੀ।

ਬੈਕੁੰਠ ਦੇ ਵਿੱਚੋਂ ਦੇਵਤਿਆਂ ਨੇ,
ਨਨਕਾਣੇ ਤੇ ਫੁੱਲ ਬਰਸਾਏ ਸਨ।

ਦੁਨੀਆਂ ਦਾ ਦੁੱਖ ਵੰਡਾਵਣ ਲਈ,
ਗੁਰੂ ਨਾਨਕ ਜੱਗ ਵਿਚ ਆਏ ਸਨ।



ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

'ਆਕਸਫੋਰਡ ਦੇ ਅਧਿਆਪਕਾਂ ਨੇ ਹਾਕੀ 'ਚ ਜਿੱਤਿਆ ਸੋਨੇ ਤੇ ਚਾਂਦੀ ਦਾ ਤਗਮਾ

ਵਰਲਡ ਪੰਜਾਬੀ ਟਾਈਮਜ਼
ਰਿੰਕੂ ਕੁਮਾਰ

ਕੋਟਕਪੂਰਾ, 24 ਨਵੰਬਰ : 'ਦਾ ਆਕਸਫ਼ੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈਕਾ' ਇੱਕ ਅਜਿਹੀ ਮਾਣਮੱਤੀ ਵਿੱਦਿਅਕ ਸੰਸਥਾ ਹੈ, ਜਿਸ ਦੇ ਵਿਦਿਆਰਥੀ ਹੀ ਨਹੀਂ ਅਧਿਆਪਕ ਵੀ ਮਾਣ ਮੱਤੀਆਂ ਪ੍ਰਾਪਤੀਆਂ ਕਰਦੇ ਹਨ, 17 ਤੋਂ 23 ਨਵੰਬਰ ਤੱਕ ਚੱਲੀਆਂ 'ਖੇਡਾਂ ਵਤਨ ਪੰਜਾਬ' ਦੀਆਂ ਦੇ ਮੁਕਾਬਲੇ ਰਾਜਿੰਦਰਾ ਕਾਲਜ, ਬਠਿੰਡਾ ਵਿਖੇ ਕਰਵਾਏ ਗਏ। ਇਨ੍ਹਾਂ ਮੁਕਾਬਲਿਆਂ ਵਿੱਚ ਹਾਕੀ (ਔਰਤਾਂ) ਦੇ ਓਪਨ ਮੁਕਾਬਲੇ ਵੀ ਕਰਵਾਏ ਗਏ। ਜਿਸ ਵਿੱਚ 31-40 ਸਾਲ ਤੱਕ ਦੀਆਂ ਖਿਡਾਰਨਾਂ ਨੇ ਹਿੱਸਾ ਲਿਆ। ਇੱਥੇ ਦੱਸਣਾ ਵਰਨਣਯੋਗ ਹੈ ਕਿ ਆਕਸਫ਼ੋਰਡ ਦੀ ਅਧਿਆਪਕਾ ਮਨਪ੍ਰੀਤ ਕੌਰ ਨੇ ਇਸ ਟੂਰਨਾਮੈਂਟ ਵਿੱਚ ਸੋਨ ਤਮਗਾ ਅਤੇ ਕਰਮਵੀਰ ਕੌਰ ਨੇ ਸਿਲਵਰ ਤਮਗਾ ਹਾਸਲ ਕਰਕੇ ਰਾਜ ਪੱਧਰੀ ਖੇਡਾਂ ਵਿੱਚ ਆਪਣਾ ਸਥਾਨ ਬਣਾ ਲਿਆ ਹੈ ਜੋ ਕਿ ਬਹੁਤ ਹੀ ਮਾਣ ਵਾਲੀ ਗੱਲ ਹੈ। ਸਕੂਲ ਦੇ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਦੋਨਾਂ ਅਧਿਆਪਕਾਂ ਨੂੰ ਵਧਾਈ ਦਿੰਦਿਆਂ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ ਕਿ ਸਿੱਖਣ ਦੀ ਅਤੇ ਪ੍ਰਾਪਤੀ ਦੀ ਕੋਈ ਉਮਰ –ਸੀਮਾ ਨਹੀਂ ਹੁੰਦੀ, ਬਲਕਿ ਸਿਰਫ਼ ਤੇ ਸਿਰਫ਼ ਦ੍ਰਿੜਤਾ ਅਤੇ ਲਗਨ ਦੀ ਜਰੂਰਤ ਹੁੰਦੀ ਹੈ। ਇਸ ਲਈ ਜੇ ਵੀ ਕੰਮ ਕਰੋ ਲਗਨ ਨਾਲ ਕਰੋ, ਸਫ਼ਲਤਾ ਜ਼ਰੂਰ ਮਿਲੇਗੀ। ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਅਤੇ ਕੁਆਰਡੀਨੇਟਰਜ਼ ਨੇ ਵੀ ਦੋਨਾਂ ਅਧਿਆਪਕਾਵਾਂ ਨੂੰ ਵਧਾਈ ਦਿੱਤੀ।

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀ ਸਭ ਸੰਗਤਾਂ ਨੂੰ ਲੱਖ ਲੱਖ ਵਧਾਈ ਹੋਵੇ ਜੀ।

ਵਰਲਡ ਪੰਜਾਬੀ ਟਾਈਮਜ਼
ਗਿਆਨ ਸਿੰਘ ਬਸਰਾਹ

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ, ਸੱਚ ਦੇ ਖੋਜੀ, ਪ੍ਰਚਾਰਕ ਅਤੇ ਅਸੀਂ।

"ਸਤਿ ਗੁਰੂ ਨਾਨਕ ਪੱਰਗਟਿਆ ਮਿਟੀ ਧੁੰਦ ਜੱਗ ਚਾਨਣ ਹੋਆ, ਜਿਉਂਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ" ।



ਉਪਰੋਕਤ ਮਹਾਂਵਾਕ, ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਇਸ ਸੰਸਾਰ ਵਿਚ ਆਗਮਨ ਨੂੰ ਬਿਲਕੁਲ ਠੀਕ ਤਰਾਂ ਪ੍ਰਗਟਾਉਂਦਾ ਹੈ। ਕਿਉਂਕਿ ਉਸ ਸਮੇਂ ਜਿੰਨੇ ਵੀ ਧਰਮ ਪ੍ਰਚਲਤ ਸਨ ਉਹਨਾਂ ਵਿਚ ਕੁਝ ਨਾ ਕੁਝ ਕਮੀਆਂ ਸਨ ਤੇ ਉਹਨਾਂ ਨੇ ਸਾਰੇ ਸਮਾਜ ਨੂੰ ਆਪਣੇ ਆਪਣੇ ਮੁਫ਼ਾਦ ਲਈ ਵੰਡਿਆ ਹੋਇਆ ਸੀ । ਇਹ ਸਾਰੇ ਸਮਾਜ ਨੂੰ ਇਕ ਦੂਜੇ ਨਾਲ ਲੜਾ ਕੇ ਅਤੇ ਅਸਮਾਨਤਾ ਪੈਦਾ ਕਰਕੇ ਆਪਣਾ ਪ੍ਰਭਾਵ ਕਾਇਮ ਰੱਖਣ ਦਾ ਯਤਨ ਕਰ ਰਹੇ ਸਨ।ਇਸਤਰਾਂ ਇਹ ਸਮਾਜ ਨੂੰ ਸੱਚ ਨੂੰ ਜਾਨਣ ਦਾ ਮੌਕਾ ਹੀ ਨਹੀਂ ਦੇ ਰਹੇ ਸਨ। ਇਹਨਾਂ ਅਖਾਉਤੀ ਧਰਮ ਦੇ ਆਗੂਆਂ ਦੇ ਗੁਮਰਾਹਕੁਨ ਪ੍ਰਚਾਰ ਕਾਰਨ ਆਮ ਮਨੁੱਖ ਨੂੰ ਸੱਚ-ਝੂਠ ਦਾ ਨਿਰਨਾ ਕਰਨਾ ਮੁਸ਼ਕਲ ਹੋਇਆ ਸੀ।ਉਸ ਸਮੇ ਹਿੰਦੂ, ਮੁਸਲਮ ਤੇ ਇਸਾਈ ਧਰਮ ਜਿਆਦਾ ਪ੍ਰਚਲਤ ਸਨ ਅਤੇ ਇਹ ਸਾਰੇ ਹੀ ਇੱਕ ਦੂਜੇ ਦੇ ਉਲਟ ਸਨ। ਹਿੰਦੂ ਮੱਤ , ਹਰ ਨਵ ਜਨਮੇ ਬੱਚੇ ਦਾ ਮੁੰਡਨ ਕਰਕੇ ਜਨੇਊ ਪਹਿਨਾ ਕੇ ਉਸਨੂੰ ਮੂਰਤੀ ਪੂਜਾ ਨਾਲ ਦੇਵੀ ਦੇਵਤਿਆਂ ਨੂੰ ਖੁਸ਼ ਕਰਕੇ ਸੱਭ ਕੁਝ ਹਾਸਲ ਕਰਨ ਦੀ ਸ਼ਿਖਸ਼ਾ ਦੇਂਦਾ ਸੀ।ਮੁਸਲਮ ਮੱਤ ਨਵ-ਜਨਮੇ ਬੱਚਿਆਂ ਦੀ ਸੰੁਨਤ ਕਰਕੇ, ਉਸਨੂੰ ਪੱਛਮ ਵੱਲ ਨੂੰ ਮੂੰਹ ਕਰਕੇ ਖੁਦਾ ਦੀ ਇਬਾਦਤ ਕਰਨ ਦੀ ਹਿਦਾਇਤ ਦਿੰਦਾ ਅਤੇ ਇਹ ਵੀ ਕਹਿੰਦਾ ਕਿ ਸਿਰਫ ਅਜਿਹਾ ਕਰਨ ਵਾਲੇ ਹੀ ਇਸ ਸੰਸਾਰ ਵਿੱਚ ਰਹਿਣ ਦਾ ਹੱਕ ਰੱਖਦੇ ਸਨ ਕਿਉਂਕਿ ਬਾਕੀ ਸਾਰੇ ਕਾਫਿਰ ਹਨ।ਇਸ ਗਲਤ ਵਿਚਾਰ ਨੂੰ ਅਮਲੀ ਜਾਮਾਂ ਪਹਿਨਾਉਣ ਲਈ ਬਹੁਤ ਸਾਰੀਆਂ ਮੁਸਲਮ ਹਕੂਮਤਾਂ ਨੇ ਤਾਕਤ ਦੀ ਵਰਤੋਂ ਕਰਕੇ ਦੂਜੇ ਧਰਮਾਂ ਦੇ ਲੋਕਾਂ ਦੀ ਨਸਲਕੁਸ਼ੀ ਵੀ ਕੀਤੀ। ਇਸਾਈ ਮੱਤ ਵਿੱਚ ਵੀ ਨਵ-ਜਨਮੇ ਬੱਚਿਆਂ ਦੀ ਸੰੁਨਤ ਕਰਕੇ ਬੈਪਟਿਜਮ (baptism) ਦੀ ਰਸਮ ਕੀਤੀ ਜਾਂਦੀ ਸੀ ਅਤੇ ਸਿਰਫ ਈਸਾ-ਮਸੀਹ ਨੂੰ ਹੀ ਮੰਨਣ ਦੀ ਹਿਦਾਇਤ ਕੀਤੀ ਜਾਂਦੀ ਸੀ।ਏਸੇ ਤਰਾਂ ਬੋਧੀ ਤੇ ਜੈਨੀ ਵੀ ਆਪਣੇ-ਆਪਣੇ ਮੱਤ ਨੂੰ ਹੀ ਉੱਤਮ ਦੱਸਕੇ ਸੱਭ ਸੰਸਾਰਕ ਦੁੱਖਾਂ ਦਾ ਨਿਵਾਰਕ ਤੇ ਪ੍ਰਾਪਤੀਆਂ ਦਾ ਸਾਧਨ ਬਣਾ ਰਹੇ ਸਨ। ਕੋਈ ਵੀ ਮੱਤ ਇਸਤਰੀ ਜਾਤੀ ਦਾ ਕੋਈ ਸਨਮਾਨ ਨਹੀਂ ਕਰ ਰਿਹਾ ਸੀ ਬਲਿਕ ਉਸਨੂੰ ਮਰਦ ਦੀ ਰਖੇਲ, ਬੱਚੇ ਜੰਮਣ ਵਾਲੀ, ਘਰ ਦੀ ਨੌਕਰਾਣੀ ਅਤੇ ਅਤਿ ਮਲੀਨ ਕਰਾਰ ਦਿੱਤਾ ਜਾਂਦਾ ਸੀ। ਐਸੇ ਸਮੇਂ ਨੂੰ ਹੀ ਕਲਜੁੱਗ ਕਿਹਾ ਜਾਂਦਾ ਸੀ ਜਿੱਥੇ ਝੂਠ ਤੇ ਅਪਰਾਧ ਦਾ ਬੋਲ-ਬਾਲਾ ਸੀ।



ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਜਦੋਂ ਇਸ ਸੰਸਾਰ ਵਿੱਚ ਆਏ ਤਾਂ ਉਹਨਾਂ ਨੇ ਝੂਠ, ਅਪਰਾਧ ਤੇ ਜਗਤ ਜਲੰਦਾ ਦੇਖਕੇ, ਵੇਈਂ ਨਦੀ ਦੇ ਇਕਾਂਤ ਕਿਨਾਰੇ ਤੇ ਬੈਠ ਕੇ ਪਰਮਾਤਮਾਂ ਅਗੇ ਬੇਨਤੀ ਕੀਤੀ ਕਿ ਇਸ ਸੰਸਾਰ ਨੂੰ ਇਸ ਜੁਲਮ ਤੋਂ ਬਚਾਇਆ ਜਾਵੇ। ਵਾਹਿਗੁਰੂ ਨੇ ਉਹਨਾਂ ਦੀ ਬੇਨਤੀ ਨੂੰ ਪ੍ਰਵਾਨ ਕਰਦਿਆਂ ਹੋਇਆਂ ਉਹਨਾਂ ਨੂੰ ਆਪਣਾ ਅਸ਼ੀਰਵਾਦ ਦਿੱਤਾ ਤੇ ਨਾਲ ਹੀ ਇਹ ਭਰੋਸਾ ਦਿੱਤਾ ਕਿ ਉਹਨਾਂ ਦੇ ਇਸ ਮਿਸ਼ਨ ਨੂੰ ਪੂਰਾ ਕਰਨ ਲਈ ਉਹ ਹਮੇਸ਼ਾਂ ਹੀ ਉਹਨਾਂ ਦੇ ਅੰਗ-ਸੰਗ ਰਹਿਣਗੇ।ਇਸਤਰਾਂ ਸਤਿਗੁਰੂ ਨਾਨਕ ਦੇਵ ਜੀ ਨੇ ਇਸ ਸੰਸਾਰ ਵਿਚ ਫੈਲੇ ਝੂਠ, ਅਪਰਾਧ ਤੇ ਜੁਲਮ ਦਾ ਪਰਦਾ ਫਾਸ਼ ਕਰਕੇ ਸੱਚ, ਪਿਆਰ ਤੇ ਨੇਕ ਕਮਾਈ ਦਾ ਪ੍ਰਚਾਰ ਸ਼ੁਰੂ ਕੀਤਾ ਅਤੇ ਇਕ ਤੇ ਇਕੋ-ਇਕ ਪ੍ਰਮਾਤਮਾਂ ਨੂੰ ਹੀ ਸਾਰੀ ਕਾਇਨਾਤ ਤੇ ਜੀਵ ਜੰਤੂਆਂ ਦਾ ਰਚਣਹਾਰ ਦੱਸਿਆ।ਸ਼ਰੀਰਾਂ ਦਾ ਵਖਰੇਵਾਂ ਬੇਮਾਨੀ ਦਸਿਆ ਕਿਉਂਕਿ ਹਰ ਜੀਵ ਵਿਚ ਪ੍ਰਮਾਤਮਾਂ ਦੀ ਆਤਮਾਂ ਹੈ, ਇਸਤਰਾਂ ਪ੍ਰਮਾਤਮਾਂ ਲਈ ਸਾਰੇ ਜੀਵ ਬਰਾਬਰ ਹਨ।ਇਹ ਵਖਰੇਵਾਂ ਸਾਡੀਆਂ ਸ਼ਰੀਰਕ ਅੱਖਾਂ ਦਾ ਧੋਖਾ ਹੈ।ਗੁਰੂ ਜੀ ਨੇ ਪ੍ਰਮਾਤਮਾਂ ਦੇ ਹੁਕਮ ਅਨੁਸਾਰ ਬਾਣੀ ਰਾਹੀਂ ਸਾਡੇ ਜੀਵਾਂ ਦੀਆਂ ਮਨ ਦੀਆਂ ਅੱਖਾਂ ਨੂੰ ਖੋਲ ਕੇ ਇਸ ਸਚਾਈ ਨੂੰ ਪ੍ਰਗਟ ਕੀਤਾ ਤੇ ਕਿਹਾ "ਏਕ ਪਿਤਾ ਏਕਸ ਕੇ ਹਮ ਬਾਰਕ" ।ਪ੍ਰਮਾਤਮਾਂ ਹਰ ਜੀਵ ਨੂੰ ਪੂਰਨ ਰੂਪ ਵਿਚ ਪੈਦਾ ਕਰਦਾ ਹੈ।ਇਸਦਾ ਰੂਪ ਤੇ ਵਿਚਾਰ ਅਸੀਂ ਆਪ ਬਦਲਕੇ ਵਖਰੇਵਾਂ ਪੈਦਾ ਕਰਕੇ ਅਤੇ ਭਰਮ ਭੁਲੇਖੇ ਪਾਕੇ ਝਗੜੇ ਕਰਦੇ ਹਾਂ।ਗੁਰੂ ਜੀ ਕਹਿੰਦੇ ਹਨ ਕਿ ਇਸ ਸਾਰੀ ਕਾਇਨਾਤ ਵਿਚ "ਪਰਮ-ਪੁਰਖ" ਸਿਰਫ ਇਕ ਪ੍ਰਮਾਤਮਾਂ ਹੀ ਹੈ ਬਾਕੀ ਸਬ ਉਸਦੀਆਂ ਜੀਵ-ਇਸਤਰੀਆਂ ਹਨ।ਇਸਤਰਾਂ ਸੰਸਾਰਕ ਮਰਦ-ਔਰਤ (male-female) ਦੀ ਗੱਲ ਕਿੱਥੇ ਰਹਿ ਜਾਂਦੀ ਹੈ।ਨਰ-ਮਾਦਾ ਤਾਂ ਇਸ ਸੰਸਾਰ ਨੂੰ ਚਲਾਉਣ ਲਈ ਹੀ ਬਣਾਏ ਗਏ ਹਨ ਕਿਉਂਕਿ ਇਸਤੋਂ ਬਿਨਾਂ ਸੰਸਾਰ ਦਾ ਚੱਕਰ ਚਲਣਾ ਹੀ ਸੰਭਵ ਨਹੀਂ ਸੀ।ਇਸ ਲਈ ਇਸ ਸੰਸਾਰ ਵਿਚ ਜੀਵਾਂ ਦਾ ਆਉਣਾ-ਜਾਣਾ ਇਕ ਕੁਦਰਤੀ ਅਮਲ ਹੈ। ਸੰਸਾਰ ਦੇ ਜੀਵਾਂ ਦਾ ਸਰੂਪ ਵੀ ਕੁਦਰਤੀ ਅਮਲ ਹੈ, ਇਸ ਵਿਚ ਕਿਸੇ ਪ੍ਰਕਾਰ ਦੀ ਤਬਦੀਲੀ ਕਰਨੀ ਇਨਸਾਨ ਦੀ ਭੁੱਲ ਹੈ ਜਿਵੇਂ ਕਿ ਸੰੁਨਤਾਂ ਕਰਨੀਆਂ, ਮੁੰਡਨ ਕਰਨੇ ਜਾਂ ਕੋਈ ਹੋਰ ਸ਼ਰੀਰਕ ਅੰਗਾਂ ਨਾਲ ਛੇੜ-ਛਾੜ ਕਰਕੇ ਵੱਖ-ਵੱਖ ਫਿਰਕੇ, ਧਰਮ ਜਾਂ ਕੌਮਾਂ ਵਿੱਚ ਇਨਸਾਨੀਅਤ ਨੂੰ ਵੰਡ ਕੇ ਆਪਸ ਵਿਚ ਲੜਾਉਣਾ ਬਹੁਤ ਵੱਡਾ ਗੁਨਾਹ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸ ਸਚਾਈ ਦਾ ਪ੍ਰਚਾਰ ਦੁਨੀਆਂ ਦੇ ਹਰ ਕੋਨੇ ਤੱਕ ਜਾ ਕੇ ਕੀਤਾ ਤੇ ਹਰ ਇਨਸਾਨ ਦੀ ਬਰਾਬਰੀ, ਪ੍ਰੇਮ-ਪਿਆਰ, ਨੇਕ ਚਲਣੀ, ਹੱਕ ਦੀ ਕਮਾਈ, ਵੰਡ ਕੇ ਖਾਣ, ਇਸਤਰੀ ਦਾ ਸਨਮਾਨ ਤੇ ਪ੍ਰਮਾਤਮਾਂ ਨੂੰ ਯਾਦ ਕਰਨ ਅਤੇ ਸਿਰਫ ਉਸਦੀ ਸਿਫਤ ਸਲਾਹ ਦਾ ਸੰਦੇਸ਼ ਦਿੱਤਾ। ਇਸਤਰਾਂ ਕਰਨ ਨਾਲ ਸਾਰੇ ਸੰਸਾਰ ਵਿੱਚੋਂ ਦੁੱਖ-ਦਰਦ, ਕਲੇਸ਼, ਚਿੰਤਾਵਾਂ ਤੇ ਝਗੜੇ ਖਤਮ ਹੋ ਸਕਦੇ ਹਨ।ਆਓ ਗੁਰੂ ਜੀ ਦੇ ਇਸ ਸੰਦੇਸ਼ ਨੂੰ ਅਪਣੇ ਹਿਰਦਿਆਂ ਵਿਚ ਵਸਾਕੇ ਆਪਣੇ ਜੀਵਨ ਨੂੰ ਮਨੁਖਤਾ ਦੇ ਭਲੇ ਲਈ ਅਰਪਣ ਕਰੀਏ ਤੇ ਇਸ ਦੁਨੀਆਂ ਨੂੰ ਬੇਗਮਪੁਰਾ (ਰੱਬ ਦਾ ਘਰ) ਬਣਾਈਏ।

ਹੁਣ ਜਦੋਂ ਕਿ ਅਸੀਂ ਗੁਰੂ ਜੀ ਦਾ ਆਗਮਨ ਪੁਰਬ ਮਨਾ ਰਹੇ ਹਾਂ ਤਾਂ ਸਾਨੂੰ ਉਹਨਾਂ ਦੀਆਂ ਸਿੱਖਿਆਵਾਂ ਨੂੰ ਘਰ-ਘਰ ਤੇ ਪੂਰੀ ਦੁਨੀਆਂ ਵਿਚ ਪਹੁੰਚਾਣ ਦੇ ਯਤਨ ਕਰਨੇ ਚਾਹੀਦੇ ਹਨ। ਇਸ ਕਾਰਜ ਲਈ ਗੁਰਬਾਣੀ ਤੇ ਸਿੱਖ ਇਤਹਾਸ ਨੂੰ ਦੁਨੀਆਂ ਦੀ ਹਰ ਜੁਬਾਨ ਵਿਚ ਉਲਥਾ ਕਰਕੇ, ਛਪਵਾ ਕੇ ਵੰਡਿਆ ਜਾਵੇ। ਇਹ ਕੰਮ ਦੁਨੀਆਂ ਦੇ ਹਰ ਸ਼ਹਿਰ, ਕਸਬੇ ਅਤੇ ਪਿੰਡ ਵਿਚ ਬਣੇ ਗੁਰਦਵਾਰਿਆਂ, ਸਭਾ ਸੁਸਾਇਟੀਆਂ ਅਤੇ ਧਾਰਮਕ ਸੰਸਥਾਵਾਂ ਰਾਹੀਂ ਕੀਤਾ ਜਾਣਾ ਚਾਹੀਦਾ ਹੈ।ਅਜੇਕੇ ਪ੍ਰਚਾਰ ਸਾਧਨਾਂ ਰਾਹੀਂ ਜਿਵੇਂ ਕਿ ਰੇਡੀਓ, ਟੀ.ਵੀ, ਫਿਲਮਾਂ ਅਤੇ ਇੰਟਰਨੈਟ ਆਦਿਕ ਦੀ ਵਰਤੋਂ ਹੋਣੀ ਚਾਹੀਦੀ ਹੈ। ਸਭ ਤੋਂ ਜਰੂਰੀ ਹੈ ਗੁਰੂ ਜੀ ਦੀਆਂ ਸਿੱਖਿਆਵਾਂ ਤੇ ਅਮਲ ਕਰਨਾ।ਜਿਨਾਂ ਚਿਰ ਅਸੀਂ ਸਿੱਖਿਆਵਾਂ ਤੇ ਅਮਲ ਨਹੀਂ ਕਰਦੇ ਸਾਡ